Vancouver CoastalHealth — Promoting wellness. Ensuring care.
fraserhealth — Better health. Best in health care.
Providence HEALTH CARE — How you want to be treated.
Provincial Health Services Authority — Province-wide solutions. Better health.

## *ਮਰੀਜ਼ ਦੀ ਟਰਾਂਸਪੋਰਟੇਸ਼ਨ ਦੇ ਖਰਚੇ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ*

ਜੇ ਤੁਸੀਂ ਐਂਬੂਲੈਂਸ[1] ਰਾਹੀਂ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਜਾਂਦੇ ਹੋ, ਹਸਪਤਾਲਾਂ ਵਿਚ ਟਰਾਂਸਫ਼ਰ ਕੀਤੇ ਜਾਂਦੇ ਹੋ ਜਾਂ ਹਸਪਤਾਲ ਤੋਂ ਡਿਸਚਾਰਜ ਹੁੰਦੇ ਹੋ ਤਾਂ ਐਂਬੂਲੈਂਸ ਦਾ ਖਰਚਾ ਤੁਹਾਨੂੰ ਦੇਣਾ ਪੈਂਦਾ ਹੈ ਇਸ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ। ਜੇ ਤੁਹਾਨੂੰ ਆਪਣੇ ਇਲਾਕੇ ਵਿਚੋਂ ਦੂਸਰੇ ਇਲਾਕੇ ਵਿਚ ਇਲਾਜ ਲਈ ਜਾਣਾ ਪਵੇ ਤਾਂ ਉਸ ਲਈ ਵੀ ਇੱਥੇ ਤੁਹਾਨੂੰ ਸਫ਼ਰ ਲਈ ਸਹਾਇਤਾ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ ਹੈ।

### **ਬੀ.ਸੀ. ਮੈਡੀਕਲ ਸਰਵਿਸ ਪਲੈਨ (MSP) ਹੇਠਾਂ:**

***ਐਂਬੂਲੈਂਸ ਤੇ ਹਸਪਤਾਲ ਜਾਣਾ (911 ਤੇ ਫ਼ੋਨ ਕਰਕੇ)***

*ਜਦੋਂ ਤੁਸੀਂ 911 ਤੇ ਫ਼ੋਨ ਕਰਦੇ ਹੋ (ਜਾਂ ਤੁਹਾਡੇ ਲਈ ਕੋਈ ਫ਼ੋਨ ਕਰਦਾ ਹੈ) ਅਤੇ ਹਸਪਤਾਲ ਜਾਣ ਲਈ ਐਂਬੂਲੈਂਸ ਦੀ ਮੰਗ ਕਰਦਾ ਹੈ:*

- ਜੇ ਤੁਹਾਨੂੰ ਗੰਭੀਰ ਹਾਲਤ ਵਿਚ ਹਸਪਤਾਲ ਲੈ ਜਾਇਆ ਜਾਂਦਾ ਹੈ (ਜ਼ਮੀਨੀ ਜਾਂ ਹਵਾਈ ਐਂਬੂਲੈਂਸ ਰਾਹੀਂ) ਤਾਂ ਬੀ.ਸੀ. ਐਂਬੂਲੈਂਸ ਸਰਵਿਸ ਵਲੋਂ ਤੁਹਾਨੂੰ $80 ਦਾ ਬਿੱਲ ਭੇਜਿਆ ਜਾਏਗਾ।
- ਜੇ ਤੁਸੀਂ ਐਂਬੂਲੈਂਸ ਤੇ ਜਾਣ ਤੋਂ ਇਨਕਾਰ ਕਰੋ ਤਾਂ ਤੁਹਾਨੂੰ $50 ਦਾ ਬਿੱਲ ਭੇਜਿਆ ਜਾਏਗਾ।
- ਜੇ ਤੁਹਾਨੂੰ ਆਮਦਨ ਲਈ ਮਦਦ ਮਿਲਦੀ ਹੈ ਜਾਂ ਐੱਮ.ਐੱਸ.ਪੀ ਦੀ ਪਰੀਮੀਅਮ ਅਸਿਸਟੈਂਸ ਮਿਲਦੀ ਹੈ ਤਾਂ ਤੁਹਾਨੂੰ ਐਂਬੂਲੈਂਸ ਦਾ ਖਰਚਾ ਨਹੀਂ ਦੇਣਾ ਪਵੇਗਾ।
- ਉੱਪਰ ਲਿਖੀ ਜਾਣਕਾਰੀ ਵਰਕਸੇਫ਼ ਦੇ ਮੌਜੂਦਾ ਜਾਂ ਭਵਿੱਖ ਦੇ ਕਲੇਮਾਂ ਲਈ ਕੀਤੀਆਂ ਫ਼ੋਨ ਕਾਲਾਂ ਤੇ ਲਾਗੂ ਨਹੀਂ ਹੁੰਦੀ।

***ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਜਾਣਾ***

*ਜੇ ਤੁਹਾਨੂੰ ਮੌਜੂਦਾ ਹਸਪਤਾਲ ਵਿਚੋਂ ਕਿਸੇ ਹੋਰ ਹਸਪਤਾਲ ਭੇਜਿਆ ਜਾਂਦਾ ਹੈ ਤਾਂ:*

- ਗੰਭੀਰ ਹਾਲਤ ਵਿਚ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਜਾਣ ਦਾ ਕੋਈ ਖਰਚਾ ਨਹੀਂ ਹੁੰਦਾ।( ਨੋਟ: ਜਦੋਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਦੀ ਹੈ ਤਾਂ ਘਰ ਵਾਪਸ ਜਾਣ ਦਾ ਬੰਦੋਬਸਤ ਤੁਹਾਨੂੰ ਆਪ ਕਰਨਾ ਪਵੇਗਾ ਬੇਸ਼ੱਕ ਹਸਪਤਾਲ ਘਰ ਤੋਂ ਕਾਫੀ ਦੂਰ ਹੀ ਹੋਵੇ।)

***ਜਦੋਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਦੀ ਹੈ***

*ਜਦੋਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਮਿਲਦੀ ਹੈ ਤਾਂ ਘਰ (ਆਪਣੇ ਘਰ, ਸੇਵਾ ਸੰਭਾਲ ਵਾਲੀ ਜਗ੍ਹਾ ਵਗੈਰਾ) ਜਾਣ ਲਈ ਬੰਦੋਬਸਤ ਕਰਨਾ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ। ਤੁਹਾਨੂੰ ਕਿੰਨੀ ਕੁ ਡਾਕਟਰੀ ਸਹਾਇਤਾ ਦੀ ਲੋੜ ਹੈ ਤੁਹਾਡਾ ਖ਼ਰਚਾ ਉਸ ਤੇ ਨਿਰਭਰ ਕਰੇਗਾ।*

- ਜੇ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ ਤਾਂ ਤੁਸੀਂ ਜ਼ਮੀਨੀ ਜਾਂ ਹਵਾਈ ਐਂਬੂਲੈਂਸ ਰਾਹੀਂ ਜਾਓਗੇ ਇਸ ਲਈ ਤੁਹਾਨੂੰ $80 ਦੇਣੇ ਪੈਣਗੇ (ਜੇ ਤੁਹਾਨੂੰ ਆਮਦਨ ਲਈ ਸਹਾਇਤਾ ਮਿਲਦੀ ਹੈ ਜਾਂ ਐੱਮ.ਐੱਸ.ਪੀ ਪ੍ਰੀਮੀਅਮ ਅਸਿਸਟੈਂਟ ਮਿਲਦੀ ਹੈ ਤਾਂ ਕਿਰਾਇਆ ਮਾਫ਼ ਹੋਵੇਗਾ)।
- ਜੇ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਨਹੀਂ ਅਤੇ ਤੁਸੀਂ ਇੰਨੇ ਠੀਕ ਨਹੀਂ ਕਿ ਪ੍ਰਾਈਵੇਟ ਜਾਂ ਵਪਾਰਕ ਟ੍ਰਾਂਸਪੋਰਟ (ਜਿਵੇਂ ਕਿ ਬੱਸ, ਜਹਾਜ਼) ਵਿਚ ਸਫ਼ਰ ਕਰ ਸਕੋ ਤਾਂ ਹਸਪਤਾਲ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਤੁਸੀਂ ਠੇਕੇ ਵਾਲੀ ਮਰੀਜ਼ਾਂ ਨੂੰ ਟ੍ਰਾਂਸਫ਼ਰ ਕਰਨ ਲਈ ਲੋਕਲ ਸੇਵਾ (SN Transport) ਦੀ ਵਰਤੋਂ ਕਰੋ। ਤੁਹਾਨੂੰ ਇਸ ਲਈ $50 ਕਿਰਾਇਆ ਦੇਣਾ ਪਵੇਗਾ (ਜੇ ਤੁਹਾਨੂੰ ਆਮਦਨ ਲਈ ਸਹਾਇਤਾ ਮਿਲਦੀ ਹੈ ਜਾਂ ਐੱਮ.ਐੱਸ.ਪੀ ਪ੍ਰੀਮੀਅਮ ਅਸਿਸਟੈਂਟ ਮਿਲਦੀ ਹੈ ਤਾਂ ਕਿਰਾਇਆ ਮਾਫ਼ ਹੋਵੇਗਾ)।
- ਜੇ ਤੁਸੀਂ ਪ੍ਰਾਈਵੇਟ ਜਾਂ ਵਪਾਰਕ ਟ੍ਰਾਂਸਪੋਰਟ (ਜਿਵੇਂ ਕਿ ਬੱਸ,ਜਹਾਜ਼), ਰਾਹੀਂ ਸਫ਼ਰ ਕਰਨ ਦੇ ਯੋਗ ਹੋ ਤਾਂ ਘਰ ਜਾਣ ਦਾ ਬੰਦੋਬਸਤ ਅਤੇ ਕਿਰਾਏ ਦੇ ਤੁਸੀਂ ਜ਼ਿੰਮੇਵਾਰ ਹੋ ਬੇ ਸ਼ੱਕ ਤੁਹਾਡਾ ਘਰ ਕਾਫੀ ਦੂਰ ਹੈ। ਮਿਸਾਲ ਵਜੋਂ ਜੇ ਤੁਹਾਨੂੰ ਹਵਾਈ ਟੈਕਸੀ ਰਾਹੀਂ ਦਿਲ ਦੇ ਉਪਰੇਸ਼ਨ ਲਈ ਵੈਨਕੂਵਰ ਹਸਪਤਾਲ ਵਿਚ ਲਿਆਂਦਾ ਗਿਆ ਹੈ ਅਤੇ ਤੁਹਾਨੂੰ ਇੱਥੋਂ ਡਿਸਚਾਰਜ ਕੀਤਾ ਜਾਂਦਾ ਹੈ ਤਾਂ ਇੱਥੋਂ ਘਰ ਜਾਣ ਦਾ ਬੰਦੋਬਸਤ ਕਰਨਾ ਅਤੇ ਕਿਰਾਏ ਦੀ ਜ਼ਿੰਮੇਵਾਰੀ ਤੁਹਾਡੀ ਹੈ। ਲੋੜਵੰਦ ਲੋਕਾਂ ਲਈ ਕੁੱਝ ਕੁ ਹੈਲਥ ਅਥਾਰਟੀਆਂ ਕੋਲ ਸਫ਼ਰ ਦੀ ਮਦਦ ਲਈ ਪ੍ਰੋਗਰਾਮ ਹਨ। ਜਾਣਕਾਰੀ ਲਈ, ਇਲਾਜ ਲਈ ਆਪਣੇ ਇਲਾਕੇ ਤੋਂ ਬਾਹਰ ਜਾਣ ਵਾਸਤੇ ਮਰੀਜ਼ਾਂ ਲਈ ਸਫ਼ਰ ਦੀ ਮਦਦ ਵਾਲਾ ਸੈੱਕਸ਼ਨ ਦੇਖੋ ਕਿਉਂਕਿ ਕੱਝ ਪ੍ਰੋਗਰਾਮ ਡਿਸਚਾਰਜ ਕੀਤੇ ਗਏ ਮਰੀਜ਼ਾਂ ਨੂੰ ਘਰ ਪਹੁੰਚਾਣ ਲਈ ਵੀ ਹਨ ਇਸ ਲਈ (ਹਸਪਤਾਲ ਵਿਚ ਨਰਸ ਜਾਂ ਸਮਾਜ ਸੇਵਕ ਨੂੰ) ਸੰਪਰਕ ਕਰੋ।
- ਜੇ ਬਦਕਿਸਮਤੀ ਨਾਲ ਮਰੀਜ਼ ਦੀ ਮੌਤ ਹੋ ਜਾਂਦੀ ਹੈ ਤਾਂ ਮਿਰਤਕ ਨੂੰ ਘਰ ਲੈ ਜਾਣ ਦਾ ਬੰਦੋਬਸਤ ਕਰਨ ਅਤੇ ਕਿਰਾਏ ਦੀ ਉਸ ਦੇ ਪਰਵਾਰ ਦੀ ਜ਼ਿੰਮੇਵਾਰੀ ਹੈ। ਇਸ ਸਮੇਂ ਸਮਾਜ ਸੇਵੀ ਸੰਸਥਾ ਪਰਵਾਰ ਦੀ ਮਦਦ ਕਰ ਸਕਦੀ ਹੈ।

[1] ਇਸ ਕਿਤਾਬਚੇ ਵਿਚ ਸ਼ਬਦ ''ਐਂਬੂਲੈਂਸ''ਦਾ ਮਤਲਬ ਹੈ ਬੀ.ਸੀ. ਐਂਬੂਲੈਂਸ ਸਰਵਿਸ

**ਐੱਮ.ਐੱਸ.ਪੀ (MSP) ਤੋਂ ਬਿਨਾ:**

*ਜੇ ਤੁਸੀਂ ਐੱਮ.ਐੱਸ.ਪੀ. ਵਿਚ ਕਵਰ ਨਹੀਂ ਹੁੰਦੇ ਤਾਂ ਸਾਰਿਆਂ ਸਫ਼ਰਾਂ ਲਈ (ਜਿਵੇਂ ਕਿ ਹਸਪਤਾਲ ਆਉਣ ਜਾਂ ਜਾਣ ਲਈ, ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਜਾਣ ਲਈ) ਤੁਹਾਨੂੰ ਪੈਸੇ ਦੇਣੇ ਪੈਣਗੇ।*

- ਜੇ ਤੁਹਾਨੂੰ ਸਫ਼ਰ ਦੌਰਾਨ ਡਾਕਟਰੀ ਸਹਾਇਤਾ ਦੀ ਲੋੜ ਹੈ ਅਤੇ ਤੁਹਾਨੂੰ ਐਂਬੂਲੈਂਸ ਦੀ ਵੀ ਲੋੜ ਹੈ ਤਾਂ ਟ੍ਰਾਂਸਪੋਰਟਦੀ ਕਿਸਮ ਮੁਤਾਬਿਕ ਤੁਹਾਨੂੰ ਹਰ ਸਫ਼ਰ ਲਈ ਖ਼ਰਚਾ ਦੇਣਾ ਪਵੇਗਾ:
  - ਐਂਬੂਲੈਂਸ (ਜ਼ਮੀਨ ਤੇ): ਸਫ਼ਰ ਦੇ ਹਰ ਹਿੱਸੇ ਲਈ $530 ਫ਼ਲੈਟ ਰੇਟ
  - ਹਵਾਈ ਐਂਬੂਲੈਂਸ (ਹਵਾਈ ਜਹਾਜ਼): $7 ਹਰ ਸਟੈਚੂਟ ਮੀਲ ਲਈ
  - ਹਵਾਈ ਐਨਬੂਲੈਂਸ (ਹੈਲੀਕਾਪਟਰ): $2,746 ਫ਼ੀ ਘੰਟਾ
- ਜੇ ਤੁਹਾਨੂੰ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਜਾਣ ਦੌਰਾਨ ਡਾਕਟਰੀ ਸਹਾਇਤਾ ਦੀ ਲੋੜ ਨਹੀਂ ਤਾਂ ਹਸਪਤਾਲ ਵਾਲੇ ਤੁਹਾਡੇ ਲਈ ਲੋਕਲ ਠੇਕੇ ਵਾਲੀ ਵੈਨ (SN Transport, etc.) ਦੀ ਚੋਣ ਕਰ ਸਕਦੇ ਹਨ। ਇਸ ਸੇਵਾ ਲਈ ਕਿਰਾਏ ਦਾ ਫ਼ਰਕ ਹੋ ਸਕਦਾ ਹੈ( ਤੁਹਾਨੂੰ $50 ਦੇਣੇ ਪੈਣਗੇ).
- ਜੇ ਤੁਸੀਂ ਪ੍ਰਾਈਵੇਟ ਜਾਂ ਵਪਾਰਕ ਟ੍ਰਾਂਸਪੋਰਟ (ਜਿਵੇਂ ਕਿ ਬੱਸ, ਜਹਾਜ਼) ਤੇ ਜਾਣ ਦੇ ਯੋਗ ਹੋ ਤਾਂ ਇਹ ਬੰਦੋਬਸਤ ਕਰਨਾ ਅਤੇ ਕਿਰਾਇਆ ਦੇਣਾ ਤੁਹਾਡੀ ਜ਼ਿੰਮੇਵਾਰੀ ਹੈ ਬੇਸ਼ੱਕ ਤੁਸੀਂ ਘਰ ਤੋਂ ਕਾਫੀ ਦੂਰ ਹੋਵੋ।
- ਬਦਕਿਸਮਤੀ ਨਾਲ ਜੇ ਮਰੀਜ਼ ਦੀ ਹਸਪਤਾਲ ਵਿਚ ਮੌਤ ਹੋ ਜਾਏ ਤਾਂ ਮਿਰਤਕ ਨੂੰ ਘਰ ਲੈ ਜਾਣ ਅਤੇ ਕਿਰਾਏ ਦੀ ਜ਼ਿੰਮੇਵਾਰੀ ਪਰਵਾਰ ਦੀ ਹੈ। ਇਸ ਸਮੇਂ ਸਮਾਜ ਸੇਵੀ ਸੰਸਥਾ ਪਰਵਾਰ ਦੀ ਮਦਦ ਕਰ ਸਕਦੀ ਹੈ।

***ਪੇਮੈਂਟ ਬਾਰੇ ਜਾਣਕਾਰੀ (ਫ਼ੈਡਰਲ ਪ੍ਰੋਗਰਾਮ ਅਤੇ ਪ੍ਰਾਈਵੇਟ ਕਵਰੇਜ ਸਮੇਤ)***

- ਫ਼ੈਡਰਲ ਪ੍ਰੋਗਰਾਮ (ਜਿਵੇਂ ਕਿ, ਵੈਟਰਨ ਅਫ਼ੈਅਰਜ਼ ਕੈਨੇਡਾ, ਐਬਓਰੀਜਨਲ ਅਫ਼ੇਅਰਜ਼ ਅਤੇ ਨਾਰਦਰਨ ਡੀਵੈਲਪਮੈਂਟ ਕੈਨੇਡਾ) ਆਪਣੇ ਮਰੀਜ਼ਾਂ ਦੇ ਖਰਚੇ ਦਾ ਕੁੱਝ ਹਿੱਸਾ ਦੇ ਸਕਦੀਆਂ ਹਨ। ਇਹ ਚੈੱਕ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਉਹ ਕਿੰਨਾ ਪੈਸਾ ਦੇਣਗੇ।
- ਜੇ ਤੁਹਾਨੂੰ ਬਿੱਲ ਮਿਲਦਾ ਹੈ ਅਤੇ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਬਿੱਲ ਨਹੀਂ ਸੀ ਮਿਲਣਾ ਚਾਹੀਦਾ ਕਿਉਂਕਿ ਤੁਸੀਂ ਆਮਦਨ ਲਈ ਮਦਦ ਜਾਂ ਐੱਮ.ਐੱਸ.ਪੀ. ਪ੍ਰੀਮੀਅਰ ਅਸਿਸਟੈਂਸ ਤੇ ਹੋ ਤਾਂ ਬੀ.ਸੀ. ਐਨਬੂਲੈਂਸ ਨੂੰ (ਐਂਬੂਲੈਂਸ ਦੇ ਬਿੱਲ ਲਈ) ਸੰਪਰਕ ਕਰੋ ਜਾਂ ਹੈਲਥ ਅਥਾਰਟੀ ਨੂੰ (ਜੇ ਬਿੱਲ ਹੈਲਥ ਅਥਾਰਟੀ ਨੇ ਭੇਜਿਆ ਹੈ) ਸੰਪਰਕ ਕਰੋ।
- ਕੁੱਝ ਪ੍ਰਾਈਵੇਟ ਪਲੈਨ ਮਰੀਜ਼ ਦੀ ਟ੍ਰਾਂਸਪੋਰਟੇਸ਼ਨ ਦੇ ਖਰਚੇ ਵਿਚ ਮਦਦ ਕਰ ਸਕਦੇ ਹਨ (ਜਿਵੇਂ ਕਿ, ਆਈ.ਸੀ.ਬੀ.ਸੀ., ਵਰਕਸੇਫ਼ ਬੀ.ਸੀ., ਪ੍ਰਾਈਵੇਟ ਇਨਸ਼ੋਰੈਂਸ ਜਿਵੇਂ ਕਿ ਪੈਸੇਫ਼ਿਕ ਬਲੀਊ ਕਰਾਸ) ਕਿਰਪਾ ਕਰ ਕੇ ਆਪਣੇ ਇਨਸ਼ੋਰੈਂਸ ਵਾਲੇ ਨਾਲ ਚੈੱਕ ਕਰੋ।
- ਕੁੱਝ ਹੈਲਥ ਅਥਾਰਟੀਜ਼ ਕੋਲ ਮੁਸ਼ਕਲ ਵਿਚ ਫਸੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਵਾਰ ਦੀ ਖਰਚੇ ਵਿਚ ਮਦਦ ਲਈ ਕੁੱਝ ਸਕੀਮਾਂ ਹੁੰਦੀਆਂ ਹਨ। ਇਸ ਬਾਰੇ ਜ਼ਿਆਦਾ ਜਾਣਕਾਰੀ ਲਈ ਜਿਸ ਹੈਲਥ ਰੀਜਨ ਵਿਚੋਂ ਤੁਸੀਂ ਡਿਸਚਾਰਜ ਹੁੰਦੇ ਹੋ ਉੱਥੋਂ ਦੇ ਮਰੀਜ਼ਾਂ ਦੇ ਕੇਅਰ ਕੁਆਲਿਟੀ ਦਫ਼ਤਰ ਨੂੰ ਸੰਪਰਕ ਕਰੋ (ਸੰਪਰਕ ਜਾਣਕਾਰੀ ਥੱਲੇ ਦਿੱਤੀ ਗਈ ਹੈ)।
- ਲੋੜਵੰਦ ਮਰੀਜ਼ਾਂ ਲਈ ਕੁੱਝ ਹੈਲਥ ਅਥਾਰਟੀਜ਼ ਕੋਲ ਸਫ਼ਰ ਦੇ ਖਰਚੇ ਦੀ ਮਦਦ ਲਈ ਵੀ ਪ੍ਰੋਗਰਾਮ ਹੁੰਦੇ ਹਨ। ਹੋਰ ਜ਼ਿਆਦਾ ਜਾਣਕਾਰੀ ਲਈ ਸਫ਼ਰ ਦੇ ਖਰਚੇ ਦੀ ਮਦਦ ਵਾਲਾ ਸੈਕਸ਼ਨ ਦੇਖੋ ਜਿੱਥੇ ਮਰੀਜ਼ਾਂ ਨੂੰ ਇਲਾਜ ਲਈ ਆਪਣੇ ਇਲਾਕੇ ਤੋਂ ਬਾਹਰ ਜਾਣਾ ਪੈਂਦਾ ਹੈ ਕਿਉਂਕਿ ਕੁੱਝ ਪ੍ਰੋਗਰਾਮ ਉਨ੍ਹਾਂ ਮਰੀਜ਼ਾਂ ਦੇ ਘਰ ਵਾਪਸ ਆਉਣ ਲਈ ਹਨ ਇਸ ਲਈ (ਹਸਪਤਾਲ ਵਿਚ ਨਰਸ ਜਾਂ ਸਮਾਜ ਸੇਵਕ ਨੂੰ) ਸੰਪਰਕ ਕਰੋ।
- ਤੁਹਾਡੇ ਕੋਲੋਂ ਖਰਚਾ ਲੈਣ ਲਈ ਬੀ.ਸੀ. ਐਂਬੂਲੈਂਸ ਸਰਵਿਸ ਜਾਂ ਜਿਸ ਹੈਲਥ ਅਥਾਰਟੀ ਤੋਂ ਤੁਸੀਂ ਡਿਸਚਾਰਜ ਹੋਏ ਸੀ ਉਹ ਤੁਹਾਨੂੰ ਡਾਕ ਰਾਹੀਂ ਬਿੱਲ ਭੇਜਣਗੇ।

***ਤੁਹਾਡੇ ਕੱਪੜੇ ਅਤੇ ਹੋਰ ਨਿਜੀ ਚੀਜ਼ਾਂ***

- ਕਿਰਪਾ ਕਰ ਕੇ ਇਹ ਸੁਨਿਸ਼ਚਿਤ ਕਰੋ ਕਿ ਜਦੋਂ ਤੁਸੀਂ ਹਸਪਤਾਲ ਵਿਚੋਂ ਜਾਦੇ ਹੋ ਤਾਂ ਤੁਹਾਡੀਆਂ ਸਾਰੀਆਂ ਚੀਜ਼ਾਂ (ਜਿਵੇਂ ਕਿ ਕੱਪੜੇ, ਪਹਿਚਾਣ ਪੱਤਰ, ਘਰ ਦੀਆਂ ਚਾਬੀਆਂ, ਪੈਸੇ, ਕ੍ਰੈਡਿਟ ਕਾਰਡ ਜਾਂ ਡੈਬਿੱਟ ਕਾਰਡ) ਤੁਹਾਡੇ ਕੋਲ ਹਨ। ਜੇ ਤੁਹਾਨੂੰ ਆਪਣੀਆਂ ਚੀਜ਼ਾਂ ਤੱਕ ਪਹੁੰਚ ਨਹੀਂ ਤਾਂ ਨਰਸ ਨੂੰ ਪੁੱਛੋ ਕਿ ਕੋਈ ਸਮਾਜ ਸੇਵੀ ਤੁਹਾਡੀ ਮਦਦ ਕਰਨ ਲਈ ਉਪਲਬਦ ਹੈ।

***ਸੰਪਰਕ ਜਾਣਕਾਰੀ***

- ਬੀ.ਸੀ. ਐਂਬੂਲੈਂਸ ਸਰਵਿਸ: 1 800 665-7199 ਜਾਂ www.bcas.ca/EN/main/about/fees.html
- ਬੀ.ਸੀ. ਮੈਡੀਕਲ ਸਰਵਿਸ ਪਲੈਨ: 1 800 663-7100 ਜਾਂ www.health.gov.bc.ca/msp/
- ਪੇਸ਼ੈਂਟ ਕੇਅਰ ਕੁਆਲਟੀ ਆਫ਼ਿਸ: www.patientcarequalityreviewboard.ca/makecomplaint.html

  ਫ਼ਰੇਜ਼ਰ ਹੈਲਥ ਅਥਾਰਿਟੀ (Fraser Health Authority): 1-877-880-8823 ਜਾਂ pcqoffice@fraserhealth.ca
  ਪ੍ਰੋਵਿੰਸ਼ੀਅਲ ਹੈਲਥ ਕੇਅਰ (Providence Health Care): 1-877-993-9199 ਜਾਂ pcqo@vch.ca
  ਪ੍ਰੋਵਿੰਸ਼ੀਅਲ ਹੈਲਥ ਸਰਵਿਸ ਅਥਾਰਿਟੀ (Provincial Health Services Authority): 1-888-875-3256 ਜਾਂ www.phsa.ca/PatientCareOffice
  ਵੈਨਕੂਵਰ ਕੋਸਟਲ ਹੈਲਥ (Vancouver Coastal Health): 1-877-993-9199 ਜਾਂ pcqo@vch.ca

***ਡਾਕਟਰੀ ਸਹਾਇਤਾ ਲਈ ਆਪਣੇ ਇਲਾਕੇ ਤੋਂ ਬਾਹਰ ਜਾਣ ਲਈ ਮਰੀਜ਼ਾ ਵਾਸਤੇ ਸਫ਼ਰ ਲਈ ਮਦਦ***

*ਜੇ ਤੁਸੀਂ ਕਿਸੇ ਐਸੀ ਸੇਵਾ ਲਈ ਹਸਪਤਾਲ ਜਾਣ ਲਈ ਐਪੁਆਂਇੰਟਮੈਂਟ ਬਣਾਈ ਹੈ ਜੋ ਸੇਵਾ ਤੁਹਾਡੇ ਇਲਾਕੇ ਵਿਚ ਉਪਲਬਧ ਨਹੀਂ (ਜਿਵੇਂ ਕਿ ਕਿਸੇ ਮਾਹਿਰ ਡਾਕਟਰ ਨੂੰ ਮਿਲਣਾ, ਰੋਗ ਪਹਿਚਾਣ ਲਈ ਖ਼ਾਸ ਟੈੱਸਟ), ਤਾਂ ਹਸਪਤਾਲ ਆਉਣ ਜਾਣ ਦਾ ਬੰਦੋਬਸਤ ਅਤੇ ਕਿਰਾਏ ਦੀ ਜ਼ਿੰਮੇਦਵਾਰੀ ਤੁਹਾਡੀ ਆਪਣੀ ਹੈ। ਬੀ.ਸੀ. ਦੀ ਹੈਲਥ ਮਨਿਸਟਰੀ ਅਤੇ ਹੈਲਥ ਅਥਾਰਟੀ ਦੇ ਕੁੱਝ ਪ੍ਰੋਗਰਾਮ ਹਨ ਜਿਨ੍ਹਾਂ ਤਹਿਤ ਤੁਹਾਨੂੰ ਸਫ਼ਰ ਅਤੇ ਰਹਿਣ ਦੇ ਖਰਚੇ ਲਈ ਕੁੱਝ ਮਦਦ ਮਿਲ ਸਕਦੀ ਹੇ।*

*ਉਦਾਹਰਨ ਵਜੋਂ:*

***ਟ੍ਰੈਵਲ ਅਸਿਸਟੈਂਸ ਪ੍ਰੋਗਰਾਮ (ਟੀ.ਏ.ਪੀ.)***: ਇਹ ਪ੍ਰੋਗਰਾਮ ਬੀ.ਸੀ. ਦੇ ਮਾਨਤਾ ਪ੍ਰਾਪਤ ਨਿਵਾਸੀਆਂ ਲਈ ਹੰਗਾਮੀ ਹਾਲਤਾਂ ਤੋਂ ਬਿਨਾ ਇਲਾਜ ਲਈ ਕੀਤੇ ਸਫ਼ਰ ਦੇ ਖ਼ਰਚੇ ਵਿਚ ਮਦਦ ਕਰਦਾ ਹੈ। ਇਸ ਪ੍ਰੋਗਰਾਮ ਤਹਿਤ ਮਨਿਸਟਰੀ ਨੇ ਬੀ.ਸੀ. ਫ਼ੈਰੀਜ਼ ਅਤੇ ਹੋਰ ਅਦਾਰਿਆਂ ਨਾਲ ਸਹਿਮਤੀ ਕੀਤੀ ਹੈ ਕਿ ਐੱਮ.ਐੱਸ.ਪੀ. ਹੇਠ ਕਵਰ ਕੀਤੇ ਹੋਏ ਬੀ.ਸੀ. ਦੇ ਨਿਵਾਸੀ ਜਦੋਂ ਇਲਾਜ ਲਈ ਸਫ਼ਰ ਕਰਨ ਤਾਂ ਉਨ੍ਹਾਂ ਨੂੰ ਡਿਸਕਾਊਂਟ ਦੇਣ। ਆਮ ਤੌਰ ਤੇ ਟੀ.ਏ.ਪੀ. ਮਾਹਿਰਾਂ ਦੀ ਸੇਵਾ ਲਈ ਜਾਣ ਲਈ ਹੀ ਮਦਦ ਕਰਦੀ ਹੈ। ਪਰ ਕੁੱਝ ਅਸਾਧਾਰਨ ਹਾਲਤਾਂ ਹੋ ਸਕਦੀਆਂ ਹਨ ਜਦੋਂ ਪ੍ਰਾਈਮਰੀ ਸਿਹਤ ਸੇਵਾਵਾਂ ਇਲਾਕੇ ਵਿਚ ਉਪਲਬਧ ਨਾ ਹੋਣ। ਟੀ.ਏ.ਪੀ. ਮਰੀਜ਼ਾਂ ਨੂੰ ਸਫ਼ਰ ਦੇ ਖ਼ਰਚੇ ਲਈ ਸਿੱਧੇ ਤੌਰ ਤੇ ਕੋਈ ਮਾਲੀ ਸਹਾਇਤਾ ਨਹੀਂ ਕਰਦੀ।

***ਹੈਲਥ ਕੁਨੈਕਸ਼ਨਜ਼ ਪ੍ਰੋਗਰਾਮ***: 6 ਵਿਚੋਂ 4 ਹੈਲਥ ਅਥਾਰਟੀਜ਼ (ਨਦਰਨ ਹੈਲਥ, ਇੰਟੀਰੀਅਰ ਹੈਲਥ, ਵੈਨਕੂਵਰ ਆਈਲੈਂਡ ਹੈਲਥ ਅਥਾਰਟੀ) ਹੈਲਥ ਕੁਨੈਕਸ਼ਨ ਪ੍ਰੋਗਰਾਮ ਮੁਹੱਈਆ ਕਰਦੀਆਂ ਹਨ ਜਿਸ ਤਹਿਤ ਮਰੀਜ਼ ਨੂੰ ਟ੍ਰਾਂਸਪੋਰਟੇਸ਼ਨ ਦੇ ਵਿਕਲਪਾਂ ਨਾਲ ਮਦਦ ਕਰਦੀਆਂ ਹਨ। ਹਰ ਇੱਕ ਹੈਲਥ ਅਥਾਰਟੀ ਦੇ ਪ੍ਰੋਗਰਾਮ ਵਿਚ ਫ਼ਰਕ ਹੋ ਸਕਦਾ ਹੈ ਜਿਸ ਵਿਚ ਰੈਗੂਲਰ ਬੱਸ ਸੇਵਾ ਅਤੇ ਸਫ਼ਰ ਅਤੇ ਰਿਹਾਇਸ਼ ਲਈ ਡਿਸਕਾਊਂਟ ਸ਼ਾਮਲ ਹਨ। ਇਸ ਪ੍ਰੋਗਰਾਮ ਸਿਰਫ਼ ਡਾਕਟਰ ਵਲੋਂ ਨਿਰਦੇਸ਼ਤ ਸੇਵਾਵਾਂ ਲਈ ਹੀ ਉਪਲਬਧ ਹੈ। ਬ੍ਰਿਟਿਸ਼ ਕੋਲੰਬੀਆ ਦੇ ਉੱਤਰ ਪੂਰਬੀ ਅਤੇ ਦੱਖਣ ਪੂਰਬੀ ਇਲਾਕਿਆਂ ਦੇ ਨਿਵਾਸੀਆਂ ਨੂੰ ਛੱਡ ਕੇ ਬਾਕੀ ਲੋਕਾਂ ਲਈ ਬੀ.ਸੀ. ਵਿਚ ਡਾਕਟਰੀ ਸੇਵਾਵਾਂ ਲਈ ਹੀ ਇਸ ਪ੍ਰੋਗਰਾਮ ਤਹਿਤ ਮਦਦ ਮਿਲ ਸਕਦੀ ਹੈ।

***ਬੀ.ਸੀ. ਦੇ ਪਰਵਾਰਾਂ ਦੀ ਰਿਹਾਇਸ਼ ਦਾ ਪ੍ਰੋਗਰਾਮ (BC Family Residence Program):*** ਜਦੋਂ ਬੀ.ਸੀ. ਬੱਚਿਆਂ ਦੇ ਹਸਪਤਾਲ ਜਾਂ ਬੀ.ਸੀ. ਔਰਤਾਂ ਦੇ ਹਸਪਤਾਲ ਦੇ ਨਿਓਨੈਟਲ ਪ੍ਰੋਗਰਾਮ ਵਿਚ ਬੱਚੇ ਨੂੰ ਡਾਕਟਰੀ ਸਹਾਇਤਾ ਦੀ ਲੋੜ ਹੋਵੇ ਤਾਂ ਇਸ ਪ੍ਰੋਗਰਾਮ ਤਹਿਤ ਪਰਵਾਰ ਨੂੰ ਰਿਆਇਤੀ ਕਿਰਾਏ ਵਾਲੀ ਰਿਹਾਇਸ਼ ਮਿਲ ਸਕਦੀ ਹੈ। ਸ਼ਰਾਈਨਰਜ਼ ਕੇਅਰ ਕਰੂਜ਼ਰ ਪ੍ਰੋਗਰਾਮ ਤਹਿਤ ਬੱਚਿਆਂ ਲਈ ਜ਼ਮੀਨੀ ਸਫ਼ਰ ਲਈ ਐਨਹੈਂਸਡ ਗਰਾਊਂਡ ਟ੍ਰਾਂਸਪੋਰਟੇਸ਼ਨ ਅਤੇ ਹਵਾਈ ਸਫ਼ਰ ਲਈ ਹੋਪ ਏਅਰ ਰਾਹੀਂ ਐਕਸਪੈਂਡਿਏਅਰ ਟ੍ਰਾਂਸਪੋਰਟੇਸ਼ਨ ਦੁਆਰਾ ਮਦਦ ਕੀਤੀ ਜਾਂਦੀ ਹੈ। ਹੋਪ ਏਅਰ ਇੱਕ ਕੌਮੀ ਸੇਵਾ ਸੰਸਥਾ ਹੈ ਜੋ ਉਨ੍ਹਾਂ ਮਰੀਜ਼ਾਂ ਲਈ ਹਵਾਈ ਸਫ਼ਰ ਦਾ ਮੁਫ਼ਤ ਪ੍ਰਬੰਧ ਕਰਦੀ ਹੈ ਜੋ ਡਾਕਟਰੀ ਇਲਾਜ ਲਈ ਹਵਾਈ ਸਫ਼ਰ ਦਾ ਖਰਚਾ ਦੇਣ ਦੇ ਸਮਰੱਥ ਨਹੀਂ ਹੁੰਦੇ।

***ਸੰਪਰਕ ਜਾਣਕਾਰੀ***

- ਟ੍ਰੈਵਲ ਅਸਿਸਟੈਂਸ ਪ੍ਰੋਗਰਾਮ: 811 ਜਾਂ www.health.gov.bc.ca/tapbc/tap_patient.html
- ਹੈਲਥ ਕੁਨੈਕਸ਼ਨਜ਼ ਪ੍ਰੋਗਰਾਮ: 811 ਜਾਂ www. health.gov.bc.ca/tapbc/connections.html
- ਬੀ.ਸੀ. ਫ਼ੈਮਲੀ ਰੈਜ਼ੀਡੈਂਸ ਪ੍ਰੋਗਰਾਮ: 811 ਜਾਂ www.bcfamilyresidence.gov.bc.ca